# "ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ"
# ਅਰਦਾਸ – ਅਕਾਲ ਪੁਰਖੁ ਦੇ ਗੁਣਾਂ ਦੀ ਮੰਗ

**Praying for boon of the Lord's Praise from the Guru is a noble begging. (Sing His Glorious Virtues, Greatness, Beauty, Excellence and Truth)**

ਹਰੇਕ ਮਨੁੱਖ ਨੂੰ ਕਦੇ ਨਾ ਕਦੇ ਦੂਸਰੇ ਦੀ ਲੋੜ ਜਾਂ ਸਹਾਇਤਾ ਦੀ ਜਰੂਰਤ ਹੁੰਦੀ ਹੈ। ਇਸ ਮੰਤਵ ਨੂੰ ਪੂਰਾ ਕਰਨ ਲਈ ਉਹ ਦੂਸਰਿਆਂ ਅਗੇ ਮੰਗ ਕਰਦਾ ਹੈ ਜਾਂ ਬੇਨਤੀ ਕਰਦਾ ਹੈ। ਇਸ ਦੁਨੀਆਂ ਦਾ ਕੋਈ ਵੀ ਵਿਅਕਤੀ ਪੂਰਨ ਨਹੀਂ ਹੈ, ਇਸ ਲਈ ਉਹ ਕੁਝ ਸੀਮਾਂ ਤਕ ਹੀ ਸਹਾਇਤਾ ਕਰ ਸਕਦਾ ਹੈ। ਇਹ ਹੀ ਕਾਰਣ ਹੈ ਕਿ ਮਨੁੱਖ ਉਸ ਸਰਬ ਕਲ੍ਹਾਂ ਸਮਰੱਥ ਅਕਾਲ ਪੁਰਖੁ ਅਗੇ ਬੇਨਤੀ ਕਰਦਾ ਹੈ, ਜਿਹੜਾ ਸਭ ਕੁਝ ਕਰ ਸਕਦਾ ਹੈ। ਅਸੀਂ ਅਰਦਾਸ ਤਾਂ ਰੋਜਾਨਾ ਕਰਦੇ ਹਾਂ ਤੇ ਕੁਝ ਨਾ ਕੁਝ ਮੰਗਦੇ ਵੀ ਹਾਂ। ਕੀ ਸਾਡੀਆਂ ਮੰਗਾ ਜਾਇਜ਼ ਹਨ? ਕਿਤੇ ਇਹ ਤਾਂ ਨਹੀਂ ਹੋ ਰਿਹਾ ਕਿ ਮੰਗਣ ਨਾਲ ਸਾਡਾ ਉਲਟਾ ਨੁਕਸਾਨ ਹੋ ਰਿਹਾ ਹੋਵੇ। ਆਓ ਇਸ ਵਿਸ਼ੇ ਸੰਬੰਧੀ ਗੁਰਮਤਿ ਅਨੁਸਾਰ ਵਿਚਾਰ ਕਰੀਏ।

ਗੁਰੂ ਸਾਹਿਬ ਗੁਰਬਾਣੀ ਵਿਚ ਮਨੁੱਖ ਨੂੰ ਵਾਰ ਵਾਰ ਇਹੀ ਸਮਝਾਣਾਂ ਚਾਹੁੰਦੇ ਹਨ ਕਿ ਹਉਮੈ ਤਿਆਗ ਦੇ ਤੇ ਆਪਣੇ ਆਪ ਨੂੰ ਨਿਮਾਣਾ ਬਣਾ ਲੈ ਤਾਂ ਜੋ ਤੇਰੀ ਬੇਨਤੀ ਨੂੰ ਅਕਾਲ ਪੁਰਖੁ ਪ੍ਰਵਾਨ ਕਰ ਲਵੇ। ਇਸ ਲਈ ਹਰ ਵੇਲੇ ਅਰਦਾਸ ਕਰਿਆ ਕਰ ਕਿ ਹੇ ਪ੍ਰਭੂ! ਤੇਰੇ ਬਿਨਾ ਮੇਰਾ ਕੋਈ ਹੋਰ ਸਹਾਰਾ ਨਹੀਂ, ਤੂੰ ਸਦਾ ਮੇਰੇ ਮਨ ਵਿਚ ਵੱਸਦਾ ਰਹਿ, ਤੂੰ ਹੀ ਮੇਰਾ ਸੱਜਣ ਹੈਂ, ਤੂੰ ਹੀ ਮੇਰਾ ਸਾਥੀ ਹੈਂ, ਤੂੰ ਹੀ ਮੇਰਾ ਮਾਲਕ ਹੈਂ, ਮੈਨੂੰ ਤੇਰਾ ਹੀ ਸਹਾਰਾ ਹੈ, ਮੈਨੂੰ ਤੇਰੀ ਸਹਾਇਤਾ ਦੀ ਆਸ ਰਹਿੰਦੀ ਹੈ। ਇਸ ਲਈ ਮੇਰੇ ਤੇ ਮਿਹਰ ਕਰ ਤਾਂ ਜੋ ਬੈਠਦਿਆਂ, ਉਠਦਿਆਂ, ਸੁੱਤਿਆਂ, ਜਾਗਦਿਆਂ, ਹਰੇਕ ਸਾਹ ਨਾਲ, ਹਰੇਕ ਗਿਰਾਹੀ ਦੇ ਨਾਲ, ਮੈਨੂੰ ਤੂੰ ਕਦੇ ਵੀ ਨਾ ਭੁੱਲੇਂ। ਭਾਵ ਕਿ **ਮੈਂ ਤੈਨੂੰ ਸਵਾਸ ਸਵਾਸ ਯਾਦ ਕਰਦਾ ਰਹਾਂ, ਮੇਰੀ ਇਹੀ ਮੰਗ ਹੈ।**

*ਆਸਾ ਮਹਲਾ ੫ ॥ ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ ॥ ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ ॥੧॥ ਤੁਮਰੀ ਓਟ ਤੁਮਾਰੀ ਆਸਾ ॥ ਬੈਠਤ ਊਠਤ ਸੋਵਤ ਜਾਗਤ ਵਿਸਰੁ ਨਾਹੀ ਤੂੰ ਸਾਸ ਗਿਰਾਸਾ ॥੧॥ ਰਹਾਉ ॥ (੩੭੮)*

**ਗੁਰੂ ਸਾਹਿਬ ਗੁਰਬਾਣੀ ਵਿਚ ਨਾਮੁ ਦਾ ਦਾਨ ਮੰਗਣ ਲਈ ਸਮਝਾਂਦੇ ਹਨ,** ਕਿਉਕਿ ਦੁਨਿਆਵੀ ਪਦਾਰਥ, ਜੋ ਅਸੀਂ ਅਕਸਰ ਮੰਗਦੇ ਹਾਂ, ਉਨ੍ਹਾਂ ਵਿਚੋਂ ਕੋਈ ਵੀ ਚੀਜ਼ ਨਾਲ ਨਹੀਂ ਜਾ ਸਕਦੀ। ਹਕੂਮਤ, ਧਨ, ਅਨੇਕਾਂ ਪਦਾਰਥਾਂ ਦੇ ਸੁਆਦ ਸਾਰੇ ਰੁੱਖ ਦੀ ਛਾਂ ਵਰਗੇ ਹਨ, ਇਹ ਸਦਾ ਇੱਕ ਥਾਂ ਟਿਕੇ ਨਹੀਂ ਰਹਿ ਸਕਦੇ। ਮਨੁੱਖ ਪਦਾਰਥਾ ਦੀ ਖਾਤਰ ਕਈ ਤਰੀਕਿਆਂ ਨਾਲ ਦੌੜ-ਭੱਜ ਕਰਦਾ ਰਹਿੰਦਾ ਹੈ, ਪਰ ਉਸ ਦੇ ਸਾਰੇ ਕੰਮ ਵਿਅਰਥ ਚਲੇ ਜਾਂਦੇ ਹਨ। ਅਕਾਲ ਪੁਰਖੁ ਦੇ ਨਾਮੁ ਤੋਂ ਬਿਨਾ ਹੋਰ ਸਭ ਕੁਝ ਨਾਸ਼ਵਾਨ ਹੈ। ਇਸ ਲਈ ਬੇਨਤੀ ਕਰਨੀ ਹੈ, ਕਿ ਹੇ ਅਕਾਲ ਪੁਰਖੁ, ਮੈਂ ਸੰਗਤ ਦੇ ਚਰਨਾਂ ਦੀ ਧੂੜ ਮੰਗਦਾ ਹਾਂ, ਮੇਰੇ ਤੇ ਕਿਰਪਾ ਕਰੋ ਤਾਂ ਜੋ ਮੈਨੂੰ ਤੇਰੀ ਸਿਫ਼ਤ-ਸਾਲਾਹ ਮਿਲ ਜਾਏ, ਜਿਸ ਸਦਕਾ ਮੇਰਾ ਮਨ ਟਿਕ ਸਕੇ।

*ਟੋਡੀ ਮਹਲਾ ੫ ਘਰੁ ੨ ਦੁਪਦੇ ॥ ੧ਓ ਸਤਿਗੁਰ ਪ੍ਰਸਾਦਿ ॥ ਮਾਗਉ ਦਾਨੁ ਠਾਕੁਰ ਨਾਮ ॥ ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥੧॥ ਰਹਾਉ ॥ ਰਾਜੁ ਮਾਲੁ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ ॥ ਧਾਇ ਧਾਇ ਬਹੁ ਬਿਧਿ ਕਉ ਧਾਵੈ ਸਗਲ ਨਿਰਾਰਥ ਕਾਮ ॥੧॥ ਬਿਨੁ ਗੋਵਿੰਦ ਅਵਰੁ ਜੇ ਚਾਹਉ ਦੀਸੈ ਸਗਲ ਬਾਤ ਹੈ ਖਾਮ ॥ ਕਹੁ ਨਾਨਕ ਸੰਤ ਰੇਨ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ ॥੨॥੧॥੬॥ (੭੧੩)*

**ਅਰਦਾਸ ਕਰਦੇ ਸਮੇਂ ਆਪਣੇ ਆਪ ਨੂੰ ਨੀਵਾਂ ਕਰਕੇ, ਇਹੀ ਬੇਨਤੀ ਕਰਨੀ ਹੈ, ਕਿ ਹੇ ਗੁਰੂ ਸਾਹਿਬ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ। ਮੈਨੂੰ ਅਕਾਲ ਪੁਰਖੁ ਦਾ ਨਾਮ ਮਿਲ ਜਾਏ, ਗੁਰਬਾਣੀ ਦੁਆਰਾ ਉਸ ਦੀ ਉਸਤਤ ਕਰਦਾ ਰਹਾਂ, ਤਾਂ ਜੋ ਮੇਰੀ ਚਿੰਤਾ ਦੂਰ ਹੋ ਜਾਵੇ।** ਮੈਂ ਹੋਰ ਆਸਰਿਆਂ ਵਲੋਂ ਹਾਰ ਕੇ ਤੇਰੇ ਦਰ ਤੇ ਆ ਪਿਆ ਹਾਂ, ਹੁਣ ਮੈਨੂੰ ਕੋਈ ਹੋਰ ਆਸਰਾ ਸੁੱਝਦਾ ਨਹੀਂ। ਸਾਨੂੰ ਗੁਣਹੀਨ ਜੀਵਾਂ ਨੂੰ ਵਿਕਾਰਾਂ ਤੋਂ ਤੂੰ ਆਪ ਬਚਾ ਲੈ। ਜੇ ਸਾਡੇ ਕਰਮਾਂ ਦਾ ਲੇਖਾ ਨਾ ਕੀਤਾ ਜਾਏ, ਤਾਂ ਹੀ ਅਸੀਂ ਸੁਰਖ਼ਰੂ ਹੋ ਸਕਦੇ ਹਾਂ। ਅਕਾਲ ਪੁਰਖੁ ਸਦਾ ਬਖ਼ਸ਼ਸ਼ ਕਰਨ ਵਾਲਾ ਹੈ, ਸਦਾ ਮਿਹਰ ਕਰਨ ਵਾਲਾ ਹੈ, ਉਹ ਸਭ ਜੀਵਾਂ ਨੂੰ ਆਸਰਾ ਦਿੰਦਾ ਹੈ। ਇਸ ਲਈ ਐ ਮਨੁੱਖ ਤੂੰ ਵੀ ਗੁਰੂ ਦੀ ਸਰਨ ਵਿਚ ਅਰਜ਼ੋਈ ਕਰ, ਤਾਂ ਜੋ ਉਹ ਤੈਨੂੰ ਇਸ ਜਨਮ ਵਿਚ ਵਿਕਾਰਾਂ ਤੋਂ ਬਚਾਈ ਰੱਖੇ।

*ਟੋਡੀ ਮਹਲਾ ੫ ॥ ਸਤਿਗੁਰ ਆਇਓ ਸਰਣਿ ਤੁਹਾਰੀ ॥ ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ ਰਹਾਉ ॥ ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥ ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥੧॥ ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥ ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥੨॥੪॥੯॥ (੭੧੩)*

**ਗੁਰਸਿੱਖ ਨੇ ਬੇਨਤੀ ਕਰਨੀ ਹੈ ਕਿ ਹੇ ਅਕਾਲ ਪੁਰਖੁ ਮੈਨੂੰ ਗੁਰੂ ਦੀ ਰਾਹੀਂ ਆਪਣਾ ਸੇਵਕ ਬਣਾ ਕੇ ਆਪਣਾ ਨਾਮੁ ਬਖ਼ਸ਼।** ਸੇਵਕ ਨੂੰ ਦਰਸਨ ਕਰਨ ਨਾਲ ਆਤਮਕ ਜੀਵਨ ਮਿਲ ਜਾਂਦਾ ਹੈ। ਇਸ ਲਈ ਬੇਨਤੀ ਕਰਨੀ ਹੈ ਕਿ ਹੇ ਪ੍ਰਭੂ! ਮੇਰੇ ਉਪਰ ਤੇਰੀ ਪੂਰਨ ਬਖ਼ਸ਼ਸ਼ ਹੋਏ ਅਤੇ ਮੈਨੂੰ ਗੁਰੂ ਮਿਲ ਜਾਵੇ। ਮੈਨੂੰ ਆਪਣੀ ਸਰਨ ਵਿਚ ਰੱਖ, ਕਿਉਕਿ ਗੁਰੂ ਦੀ ਕਿਰਪਾ ਨਾਲ ਕਿਸੇ ਵਿਰਲੇ ਮਨੁੱਖ ਨੇ ਹੀ

ਤੇਰੇ ਨਾਲ ਡੂੰਘੀ ਸਾਂਝ ਪਾਈ ਹੈ। ਮੇਰੇ ਤੇ ਮਿਹਰ ਕਰ ਕਿ ਤੇਰੇ ਸੋਹਣੇ ਚਰਨ ਮੇਰੇ ਚਿੱਤ ਵਿਚ ਵੱਸ ਪੈਣ। ਸਭ ਗੁਣਾਂ ਦੇ ਖ਼ਜ਼ਾਨੇ ਅਕਾਲ ਪੁਰਖੁ ਅੱਗੇ ਇਹੀ ਅਰਜ਼ ਕਰਨੀ ਹੈ, ਕਿ ਕਿਰਪਾ ਕਰਕੇ ਮੈਨੂੰ ਕਦੇ ਵੀ ਨਾ ਭੁੱਲ।

*ਸੂਹੀ ਮਹਲਾ ੫ ॥ ਦਰਸਨੁ ਦੇਖਿ ਜੀਵਾ ਗੁਰ ਤੇਰਾ ॥ ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥ ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥ ਦੇਹਿ ਨਾਮੁ ਕਰਿ ਅਪਣੇ ਚੇਰੇ ॥੧॥ ਰਹਾਉ ॥ ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥੨॥ ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ ਚਰਣ ਕਮਲ ਵਸਹਿ ਮੇਰੈ ਚੀਤਾ ॥੩॥ ਨਾਨਕੁ ਏਕ ਕਰੈ ਅਰਦਾਸਿ ॥ ਵਿਸਰੁ ਨਾਹੀ ਪੂਰਨ ਗੁਣਤਾਸਿ ॥੪॥੧੮॥੨੪॥ (੭੪੨)*

ਸੇਵਕ ਨੇ ਇਹੀ ਬੇਨਤੀ ਕਰਨੀ ਹੈ ਕਿ ਹੇ ਪ੍ਰਭੂ! ਮੇਰੇ ਤੇ ਕਿਰਪਾ ਕਰੋ ਤੇ ਮੈਨੂੰ ਆਪਣੀ ਹੀ ਸਰਨ ਵਿਚ ਰੱਖੋ। ਹਉਮੈਂ ਘਟਾਉਣ ਲਈ ਆਪਣੇ ਅੰਦਰ ਇਹੀ ਵਿਚਾਰ ਪੈਦਾ ਕਰਨੀ ਹੈ, ਕਿ ਮੈਂ ਨੀਵੇਂ ਜੀਵਨ ਵਾਲਾ ਹਾਂ, ਮੈਂ ਮੂਰਖ ਹਾਂ ਅਤੇ ਮੈਨੂੰ ਤੇਰੀ ਸੇਵਾ-ਭਗਤੀ ਕਰਨ ਦੀ ਜਾਚ-ਅਕਲ ਨਹੀਂ ਹੈ। ਮੈਂਨੂੰ ਤੇਰੇ ਉੱਤੇ ਅਤੇ ਤੇਰੀ ਬਖ਼ਸ਼ਸ਼ ਉਤੇ ਪੂਰਨ ਭਰੋਸਾ ਹੈ। ਅਸੀਂ ਜੀਵ ਸਦਾ ਅਪਰਾਧ ਕਰਦੇ ਰਹਿੰਦੇ ਹਾਂ, ਭੁੱਲਾਂ ਕਰਦੇ ਰਹਿੰਦੇ ਹਾਂ, ਤੂੰ ਸਦਾ ਸਾਨੂੰ ਬਖ਼ਸ਼ਣ ਵਾਲਾ ਹੈ।

*ਬਿਲਾਵਲੁ ਮਹਲਾ ੫ ॥ ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥ ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ ॥੧॥ ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥ ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥੧॥ ਰਹਾਉ ॥ (੮੦੯)*

ਅਕਾਲ ਪਰੁਖ ਅੱਗੇ ਇਹੀ ਬੇਨਤੀ ਕਰਨੀ ਹੈ ਕਿ ਮੈਂ ਤੇਰੇ ਦਰ ਤੇ ਮੰਗਤਾ ਬਣ ਕੇ ਖੜਾ ਹਾਂ। ਭਲਾ ਤੈਥੋਂ ਬਿਨਾ ਹੋਰ ਕੌਣ ਮੇਰੀ ਧਿਆਨ ਰੱਖ ਸਕਦਾ ਹੈ? ਜਿਸ ਤਰ੍ਹਾਂ ਮੰਗਤਾ ਘਰ ਦੇ ਮਾਲਕ ਨੂੰ ਬੇਨਤੀ ਕਰਦਾ ਹੈ, ਕਿ ਦਰਵਾਜਾ ਖੋਲ ਕੇ ਉਸ ਨੂੰ ਕੁਝ ਖੈਰ ਪਾਉ। ਠੀਕ ਉਸੇ ਤਰ੍ਹਾਂ ਸੇਵਕ ਨੇ ਅਕਾਲ ਪਰੁਖ ਦੇ ਅਗੇ ਬੇਨਤੀ ਕਰਨੀ ਹੈ, ਕਿ ਹੇ ਸੱਚੇ ਪਾਤਸ਼ਾਹ ਆਪਣੇ ਦਰਬਾਰ ਦਾ ਬੂਹਾ ਖੋਲ੍ਹ ਕੇ ਮੈਨੂੰ ਆਪਣੇ ਦੀਦਾਰ ਬਖ਼ਸ਼। ਇਥੇ ਦੁਨਿਆਵੀ ਬੂਹੇ ਦੀ ਗਲ ਨਹੀਂ ਕਹੀ ਗਈ ਹੈ, ਇਹ ਉਹ ਦਰ ਹੈ, ਜਿਸ ਦਾ ਵਿਸਥਾਰ ਰਹਰਾਸਿ ਸਾਹਿਬ ਦੇ ਪਾਠ ਵਿਚ ਹੈ। ਇਥੇ ਤਾਂ ਗੁਰਮਤਿ ਦੁਆਰਾ ਆਤਮਿਕ ਸੋਝੀ ਲਈ ਬੇਨਤੀ ਕੀਤੀ ਗਈ ਹੈ।

*ਬਿਲਾਵਲੁ ॥ ਦਰਮਾਦੇ ਠਾਢੇ ਦਰਬਾਰਿ ॥ ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ ਰਹਾਉ ॥ (੮੫੬)*

ਗ਼ਰੀਬਾ ਉਤੇ ਬਖ਼ਸ਼ਸ਼ਾਂ ਕਰਨ ਵਾਲੇ ਅਕਾਲ ਪੁਰਖੁ ਅਗੇ ਇਹੀ ਬੇਨਤੀ ਕਰਨੀ ਹੈ ਕਿ ਮੇਰੇ ਉਪਰ ਮਿਹਰ ਕਰੋ ਤੇ ਮੇਰਾ ਕੋਈ ਗੁਣ ਜਾਂ ਔਗਣ ਨਾ ਵਿਚਾਰੋ, ਕਿਉਂਕਿ ਮੇਰੇ ਅੰਦਰ ਤਾਂ ਔਗਣ ਹੀ ਔਗਣ ਹਨ। ਜਿਸ ਤਰ੍ਹਾਂ ਮਿੱਟੀ ਨੂੰ ਜਿਨ੍ਹੀ ਵਾਰੀ ਵੀ ਪਾਣੀ ਨਾਲ ਧੋ ਲਿਆ ਜਾਵੇ, ਮਿੱਟੀ ਦਾ ਮੈਲਾ-ਪਨ ਕਦੇ ਧੁਪ ਨਹੀਂ ਸਕਦਾ, ਠੀਕ ਉਸੇ ਤਰ੍ਹਾਂ ਸਾਡੀ ਜੀਵਾਂ ਦੀ ਵੀ ਇਹੀ ਹਾਲਤ ਹੈ। ਸਾਡੇ ਅੰਦਰਲੇ ਔਗਣ ਪੂਰੀ ਤਰ੍ਹਾਂ ਸਾਫ ਨਹੀਂ ਹੋ ਸਕਦੇ। ਅੱਜਕਲ ਸਾਨੂੰ ਅਕਸਰ ਕਈ ਅਜੇਹੇ ਲੋਕ ਮਿਲ ਜਾਂਦੇ ਹਨ ਜਿਹੜੇ ਕਹਿੰਦੇ ਹਨ, ਕਿ ਬਾਣੀ ਪੜ੍ਹਨ ਦੀ ਕੀ ਲੋੜ ਹੈ, ਮਨ ਸਾਫ ਚਾਹੀਦਾ ਹੈ। ਠੀਕ ਇਸ ਦੇ ਉਲਟ, ਗੁਰੂ ਸਾਹਿਬ ਸਮਝਾ ਰਹੇ ਹਨ, ਕਿ ਮਨ ਤਾਂ ਕਾਲਖ ਦਾ ਭਰਿਆ ਹੈ, ਇਸ ਲਈ ਬਾਰ ਬਾਰ ਸਫਾਈ ਦੀ ਲੋੜ ਹੈ। ਮਨ ਨੂੰ ਗੁਰੂ ਦੀ ਸਰਨ ਵਿਚ ਰੱਖਣਾਂ ਹੈ, ਗੁਰੂ ਦੀ ਸੇਵਾ ਵਿਚ ਰੱਖਣਾਂ ਹੈ, ਰੋਜ਼ਾਨਾ ਗੁਰੂ ਦੇ ਸ਼ਬਦ ਦੀ ਵਿਚਾਰ ਕਰਨੀ ਹੈ ਤਾਂ ਜੋ ਇਸ ਦੀ ਰੋਜ਼ਾਨਾਂ ਸਫਾਈ ਹੁੰਦੀ ਰਹੇ ਤੇ ਆਤਮਿਕ ਆਨੰਦ ਮਿਲਦਾ ਰਹੇ। ਗੁਰੂ ਦੇ ਦਰ ਤੇ ਰਹਿ ਕੇ ਹੀ ਇਛਾਵਾਂ ਪੂਰੀਆ ਕਰਵਾ ਸਕਦੇ ਹਾਂ, ਤੇ ਫਲ ਪ੍ਰਾਪਤ ਕਰ ਸਕਦੇ ਹਾਂ। ਇਸ ਤਰਾਂ ਕਰਨ ਨਾਲ ਕੋਈ ਵੀ ਦੁਖ ਸਾਡੇ ਉਤੇ ਜੋਰ ਨਹੀਂ ਪਾ ਸਕੇਗਾ।

*ਰਾਗੁ ਰਾਮਕਲੀ ਮਹਲਾ ੫ ਘਰੁ ੧ ॥ ੧ੴ ਸਤਿਗੁਰ ਪ੍ਰਸਾਦਿ ॥ ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥ ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥੧॥ ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ ॥ ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਦੂਖੁ ਨ ਵਿਆਪੈ ਕੋਈ ॥੧॥ ਰਹਾਉ ॥ (੮੮੨-੮੮੩)*

**ਆਪਣੇ ਆਪ ਨੂੰ ਗੁਰੂ ਦੇ ਸਨਮੁੱਖ ਗੁਣਹੀਨ ਸਮਝਾਂਗੇ, ਤਾਂ ਹੀ ਸਾਡੇ ਅੰਦਰ ਗੁਣ ਆ ਸਕਦੇ ਹਨ।** ਨਹੀਂ ਤਾਂ ਹਉਮੈ ਕਰਕੇ ਕੋਈ ਗੁਣ ਅੰਦਰ ਪ੍ਰਵੇਸ਼ ਨਹੀਂ ਕਰ ਸਕੇਗਾ। ਅਕਾਲ ਪੁਰਖੁ ਅਗੇ ਨੀਵਾਂ ਹੋ ਕੇ ਬੇਨਤੀ ਕਰਨੀ ਹੈ, ਕਿ ਹੇ ਪ੍ਰਭੂ! ਮੈਂ ਤੇਰੇ ਕਿਹੜੇ ਕਿਹੜੇ ਗੁਣ ਚੇਤੇ ਕਰ ਕੇ ਆਪਣੇ ਹਿਰਦੇ ਵਿਚ ਵਸਾਵਾਂ? ਮੈਂ ਤਾਂ ਤੇਰਾ ਮੁੱਲ-ਖ਼ਰੀਦਿਆ ਸੇਵਕ ਹਾਂ, ਅਤੇ ਮੁੱਲ-ਖ਼ਰੀਦਿਆ ਨੌਕਰ ਕੋਈ ਚਲਾਕੀ ਦੀ ਗੱਲ ਨਹੀਂ ਕਰ ਸਕਦਾ। ਮੇਰਾ ਆਪਣਾ ਤਾਂ ਕੁਝ ਵੀ ਨਹੀਂ। ਇਹ ਸਰੀਰ ਤੇ ਮੇਰੀ ਇਹ ਜਿੰਦ ਸਭ ਤੇਰੇ ਹੀ ਦਿੱਤੇ ਹੋਏ ਹਨ। ਹੇ ਮਨ ਨੂੰ ਮੋਹ ਲੈਣ ਵਾਲੇ ਲਾਲ! ਚੋਜੀ ਪ੍ਰੀਤਮ! ਅਸੀਂ ਜੀਵ ਤੇਰੇ ਦਰਸਨਾ ਤੋਂ ਕੁਰਬਾਨ ਜਾਂਦੇ ਹਾਂ। ਤੂੰ ਸਭ ਦਾ ਮਾਲਕ ਹੈ ਅਤੇ ਸਾਰੀਆਂ ਦਾਤਾਂ ਦੇਣ ਵਾਲਾ ਹੈ। ਮੈਂ ਤਾਂ ਤੇਰੇ ਦਰ ਤੇ ਕੰਗਾਲ ਮੰਗਤੇ ਦੀ ਤਰ੍ਹਾਂ ਖੜਾ ਹਾਂ। ਤੂੰ ਹਮੇਸ਼ਾਂ ਮੇਰੇ ਉਤੇ ਮਿਹਰਬਾਨੀਆਂ ਕਰਦਾ ਰਹਿੰਦਾ ਹੈ। ਕੋਈ ਐਸਾ ਕੰਮ ਨਹੀਂ ਜੋ ਤੇਰੀ ਮਦਦ ਤੋਂ ਬਿਨਾ ਮੈਂ ਕਰ ਸਕਦਾ ਹਾਂ। ਹੇ ਪ੍ਰਭੂ! ਮੈਂ ਤੇਰੀ ਕਿਹੜੀ ਸੇਵਾ ਕਰਾਂ? ਮੈਂ ਕੀ ਆਖ ਕੇ ਤੈਨੂੰ ਖ਼ੁਸ਼ ਕਰਾਂ? ਮੈਂ ਕਿਸ ਤਰਾਂ ਤੇਰਾ ਦੀਦਾਰ ਹਾਸਲ ਕਰਾਂ? ਮੈਂ ਤੇਰੀ ਹਸਤੀ ਦਾ ਮਾਪ ਨਹੀਂ ਲੱਭ ਸਕਦਾ, ਤੇਰੇ ਗੁਣਾਂ ਦਾ ਅੰਤ ਨਹੀਂ ਪਾ ਸਕਦਾ। ਮੇਰਾ ਮਨ ਸਦਾ ਤੇਰੇ ਚਰਨਾਂ ਵਿੱਚ ਪਏ ਰਹਿਣ ਨੂੰ ਤਰਸਦਾ ਰਹਿੰਦਾਂ ਹੈ। ਮੈਂ ਢੀਠ ਹੋ ਕੇ ਮੁੜ ਮੁੜ ਤੇਰੇ ਦਰ ਤੋਂ ਮੰਗਦਾ ਹਾਂ, ਮੈਨੂੰ ਇਹ ਦਾਨ ਮਿਲ ਜਾਏ ਕਿ ਮੇਰੇ ਮੱਥੇ ਉਤੇ ਤੇਰੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਲੱਗਦੀ ਰਹੇ। ਭਾਵ ਜਿਹੜਾ ਗੁਰੂ ਦਾ ਦੱਸਿਆ ਹੋਇਆ ਮਾਰਗ ਹੈ ਮੈਂ ਉਸ ਤੇ ਹਮੇਸ਼ਾ ਚਲਦਾ ਰਹਾਂ। ਜਿਸ ਸੇਵਕ ਉਤੇ ਗੁਰੂ ਦੀ ਮਿਹਰ ਹੋ ਜਾਂਦੀ ਹੈ, ਅਕਾਲ ਪੁਰਖੁ ਉਸ ਨੂੰ ਆਪਣੇ ਹੱਥ ਦੇ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੰਦਾਂ ਹੈ।

*ਸੂਹੀ ਮਹਲਾ ੫ ॥ ਕਿਆ ਗੁਣ ਤੇਰੇ ਸਾਰਿ ਸਮ੍ਾਲੀ ਮੋਹਿ ਨਿਰਗੁਨ ਕੇ ਦਾਤਾਰੇ ॥ ਬੈ ਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ*

*ਸਭੁ ਥਾਰੇ ॥੧॥ ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ ॥੧॥ ਰਹਾਉ ॥ ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ੍ ਸਦਾ ਸਦਾ ਉਪਕਾਰੇ ॥ ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ ॥੨॥ ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ ॥ ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ ॥੩॥ ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ ॥ ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਪ੍ਰਭਿ ਹਾਥ ਦੇਇ ਨਿਸਤਾਰੇ ॥੪॥੬॥ (੭੩੮)*

ਮੰਗਣ ਲਈ ਤਾਂ ਗੁਰੂ ਸਾਹਿਬ ਵੀ ਕਹਿੰਦੇ ਹਨ, ਪਰ ਮੰਗੋ ਉਹ, ਜੋ ਸਭ ਤੋਂ ਚੰਗਾ ਹੈ ਭਾਵ ਗੁਰੂ ਪਾਸੋਂ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਦੀ ਖ਼ੈਰ ਮੰਗੋ, ਜੋ ਹੋਰ ਸਾਰੀਆਂ ਮੰਗਾਂ ਨਾਲੋਂ ਵਧੀਆ ਮੰਗ ਹੈ।

*ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥੪॥ (੧੦੧੮)*

ਭਾਵੇਂ ਸਿੱਧੇ ਤੌਰ ਤੇ ਕੋਈ ਨਿਵੇਕਲਾ ਹੀ ਮਾਇਆ ਦੀ ਮੰਗ ਕਰਦਾ ਹੈ। ਪਰ ਦੇਖਣਾ ਹੈ ਕਿ ਜੋ ਮੰਗਿਆ ਜਾਂਦਾ ਹੈ, ਕੀ ਉਹ ਜਾਇਜ਼ ਹੈ।

*ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ॥ (੨੨-੧੫)*

ਉਸ ਚੀਜ਼ ਦੀ ਕਦੇ ਵੀ ਮੰਗ ਕਰਨੀ ਚਾਹੀਦੀ ਹੈ, ਜਿਸ ਲਈ ਵਾਰ ਵਾਰ ਮੰਗਣ ਜਾਣਾ ਪਵੇ। ਪਰੰਤੂ, ਬੇ-ਸਮਝ ਜੀਵ ਹਰ ਵੇਲੇ ਦੁਨਿਆਵੀ ਲੋੜਾਂ ਦੀ ਪੂਰਤੀ ਹੀ ਮੰਗਦਾ ਰਹਿੰਦਾ ਹੈ। ਇਹ ਨਹੀਂ ਸਮਝਦਾ ਕਿ ਸਭ ਦੇ ਦਿਲਾਂ ਦੀ ਜਾਣਨ ਵਾਲਾ ਦਾਤਾਰ ਸਭ ਪਦਾਰਥ ਦੇਈ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੀਆਂ ਅਰਦਾਸਾਂ ਵਿੱਚ ਅਸੀਂ ਕਿਉਂ ਸਦਾ ਦੁਨਿਆਵੀ ਲੋੜਾਂ ਵਾਸਤੇ ਹੀ ਤਰਲੇ ਕਰਦੇ ਹਾਂ? ਜਦ ਕਿ ਉਸ ਦੀਆਂ ਦਿੱਤੀਆਂ ਦਾਤਾਂ ਤਾਂ ਕਦੀ ਮੁੱਕਣ ਵਾਲੀਆਂ ਹੀ ਨਹੀਂ ਹਨ। **ਨਾਮ ਤੋਂ ਬਿਨਾ ਜੋ ਹੋਰ ਚੀਜ਼ਾਂ ਮੰਗੀਆਂ ਜਾਂਦੀਆਂ ਹਨ ਉਨ੍ਹਾਂ ਨਾਲ ਕਦੇ ਕਿਸੇ ਨੂੰ ਵੀ ਆਤਮਕ ਸੁਖ ਨਹੀਂ ਮਿਲਿਆ।** ਸਿਰਫ ਅਕਾਲ ਪੁਰਖੁ ਦਾ ਨਾਮ ਹੀ ਮੰਗਣਾ ਚਾਹੀਦਾ ਹੈ ਕਿਉਕਿ ਫਿਰ ਕੁਝ ਹੋਰ ਮੰਗਣ ਦੀ ਲੋੜ ਨਹੀਂ ਰਹਿੰਦੀ।

*ਗਉੜੀ ਬਾਵਨ ਅਖਰੀ ਮਹਲਾ ੫ ॥ ਪਉੜੀ ॥ ਮਮਾ ਮਾਗਨਹਾਰ ਇਆਨਾ ॥ ਦੇਨਹਾਰ ਦੇ ਰਹਿਓ ਸੁਜਾਨਾ ॥ ਜੋ ਦੀਨੋ ਸੋ ਏਕਹਿ ਬਾਰ ॥ ਮਨ ਮੂਰਖ ਕਹ ਕਰਹਿ ਪੁਕਾਰ ॥ ਜਉ ਮਾਗਹਿ ਤਉ ਮਾਗਹਿ ਬੀਆ ॥ ਜਾ ਤੇ ਕੁਸਲ ਨ ਕਾਹੂ ਥੀਆ ॥ ਮਾਗਨਿ ਮਾਗ ਤ ਏਕਹਿ ਮਾਗ ॥ ਨਾਨਕ ਜਾ ਤੇ ਪਰਹਿ ਪਰਾਗ ॥੪੧॥ (੨੫੮-੨੫੯)*

ਗੁਰੂ ਸਾਹਿਬ ਨੇ ਤਾਂ ਸਿਖ ਨੂੰ ਸਮੇਂ ਤੇ ਕਿਰਤ ਦੋਵਾਂ ਦੀ ਦਸਵੰਦ ਧਰਮ ਦੀ ਖਾਤਰ ਲਾਉਣ ਲਈ ਪਰੇਰਿਆ ਹੈ। ਅੱਜਕਲ ਅਕਸਰ ਲੋਕ ਸੇਵਾ ਬਹੁਤ ਥੋੜੀ ਕਰਦੇ ਹਨ, ਪਰ ਉਸ ਦੇ ਮੁਕਾਬਲੇ ਦੀ ਮੰਗਾਂ ਬਹੁਤ ਜ਼ਿਆਦਾ ਹੁੰਦੀਆਂ ਹਨ। । ਜਿਆਦਾ ਤਰ ਲੋਕ ਰਵਾਇਤੀ ਤੌਰ ਤੇ ਕੁਝ ਕੁ ਸੇਵਾ ਕਰ ਦਿੰਦੇ ਹਨ, ਇਹੀ ਕਾਰਨ ਹੈ ਕਿ ਗੁਰੂ ਘਰ ਦੇ ਕਾਰਜਾਂ ਲਈ ਲੋੜੀਦੀ ਸੇਵਾ, ਕੁਝ ਕੁ ਵੀਰਾ ਜਾਂ ਭੈਣਾਂ ਦੇ ਸਿਰ ਤੇ ਹੀ ਪੈ ਜਾਂਦੀ ਹੈ। ਸੰਗਤੀ ਅਰਦਾਸ ਵਿੱਚ ਅਕਸਰ ਨਿਜੀ ਨਾਂਵਾਂ ਦੀ ਲਿਸਟ ਬਹੁਤ ਲੰਮੀ ਹੁੰਦੀ ਹੈ। ਆਪਣਾ ਨਾਂ ਸੁਣਾਣ ਦਾ ਮੰਤਵ ਇਹ ਹੁੰਦਾ ਹੈ, ਕਿ ਉਹ ਬਹੁਤ ਵੱਡੇ ਸੇਵਕ ਹਨ। ਅਫਸੋਸ ਦੀ ਗਲ ਹੈ, ਕਿ ਅਸੀਂ ਅਜੇ ਤਕ ਨਿਜੀ ਅਰਦਾਸ ਅਤੇ ਸੰਗਤੀ ਅਰਦਾਸ ਵਿੱਚ ਫਰਕ ਵੀ ਨਹੀਂ ਸਮਝ ਸਕੇ ਹਾਂ। ਅਕਾਲ ਪੁਰਖੁ ਦੇ ਚਰਨਾਂ ਤਕ ਕਿਸ ਤਰ੍ਹਾਂ ਪਹੁੰਚ ਸਕਦੇ ਹਾਂ। ਨਿਜੀ ਅਰਦਾਸ ਵਿਚ ਭਾਵੇ ਅਸੀਂ ਕੁਝ ਵੀ ਮੰਗੀਏ, ਪਰ ਸੰਗਤੀ ਅਰਦਾਸ ਵਿਚ ਕਾਰਜ ਅਨੁਸਾਰ ਸਾਂਝੀਆਂ ਮੰਗਾ ਹੀ ਪਰਵਾਨ ਹੋ ਸਕਦੀਆਂ ਹਨ।

*ਸੇਵਾ ਥੋਰੀ ਮਾਗਨੁ ਬਹੁਤਾ ॥ ਮਹਲੁ ਨ ਪਾਵੈ ਕਹਤੋ ਪਹੁਤਾ ॥੧॥ (੭੩੮)*

ਜਦੋਂ ਵੀ ਕਿਸੇ ਅਗੇ ਬੇਨਤੀ ਕੀਤੀ ਜਾਂਦੀ ਹੈ ਤਾਂ ਨਿਮਾਣਾ ਹੋ ਕੇ ਕੀਤੀ ਜਾਂਦੀ ਹੈ। ਹਰੇਕ ਸਿੱਖ ਲਈ ਸਵੇਰ ਤੇ ਸ਼ਾਮ ਦੇ ਨਿਤਨੇਮ ਸਮੇਂ ਅਰਦਾਸ ਕਰਨ ਦਾ ਮੰਤਵ ਇਹ ਹੈ, ਕਿ ਅਸੀਂ ਆਪਣੇ ਆਪ ਨੂੰ ਨੀਵਾਂ ਕਰੀਏ। ਇਸ ਨਾਲ ਸਾਡੀ ਹਉਮੈ ਘਟਦੀ ਹੈ ਤੇ ਗੁਰਮਤਿ ਦੇ ਮਾਰਗ ਤੇ ਚਲਣ ਵਿਚ ਆਸਾਨੀ ਹੋ ਜਾਂਦੀ ਹੈ। ਕਈ ਗੁਰਦੁਆਰਾ ਸਾਹਿਬਾਂ ਵਿਚ ਸੰਗਤੀ ਅਰਦਾਸ ਸਮੇਂ ਨਿਜੀ ਨਾਂ ਤੇ ਮੰਗਾਂ ਦੀਆਂ ਲੰਮੀਆਂ ਲਿਸਟਾਂ ਪੜ੍ਹੀਆਂ ਜਾਂਦੀਆਂ ਹਨ। ਅਜੇਹੀ ਨਿਜੀ ਨਾਂ ਸੁਣਾਉਣ ਦੀ ਦੌੜ ਤਾਂ ਉਲਟਾ ਲੋਕਾਂ ਦੇ ਹਉਮੈ ਵਿਚ ਵਾਧਾ ਕਰਦੀ ਹੈ। ਗੁਰੂ ਸਾਹਿਬ ਤਾਂ ਬਾਣੀ ਵਿੱਚ ਬਾਰ ਬਾਰ ਸਮਝਾਂਦੇ ਹਨ ਕਿ ਉਹ ਕਦੇ ਨਾ ਮੰਗੋ ਜੋ ਸਦਾ ਥਿਰ ਨਹੀਂ ਰਹਿਣ ਵਾਲਾ ਹੈ।

*"ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥ ਦੇਖਤ ਨੈਨ ਚਲਿਓ ਜਗੁ ਜਾਈ ॥੧॥ ਰਹਾਉ ॥" (੪੮੧)*

ਜੇ ਕਰ ਨਾਮੁ ਤੋਂ ਬਿਨਾ ਹੋਰ ਸਭ ਕੁਝ ਨਾਸਵੰਤ ਹੈ, ਤਾਂ ਪਦਾਰਥ ਮੰਗਣ ਦਾ ਕੀ ਲਾਭ ਹੈ। ਅਕਾਲ ਪੁਰਖੁ ਦੀ ਕਿਰਪਾ ਨਾਲ ਹੀ ਹਉਮੈ ਦੂਰ ਹੋ ਸਕਦੀ ਹੈ, ਤੇ ਉਸ ਦੀ ਕਿਰਪਾ ਨਾਲ ਹੀ ਜੀਵਨ ਵਿਚ ਸੁਖ ਪ੍ਰਾਪਤ ਕਰ ਸਕਦੇ ਹਾਂ। ਫਿਰ ਅਸੀਂ ਕਿਉ ਨਹੀਂ ਗੁਰਬਾਣੀ ਰਾਹੀਂ ਅਕਾਲ ਪੁਰਖੁ ਦੇ ਗੁਣ ਗਾ ਕੇ ਆਤਮਕ ਜੀਵਨ ਹਾਸਲ ਕਰਦੇ ਹਾਂ।

*"ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ ॥ ਨਾਨਕ ਕੀ ਅਰਦਾਸਿ ਪ੍ਰਭ ਜੀਵਾ ਗੁਨ ਗਾਏ ॥" (੮੧੧)*

ਜਿਸ ਮਨੁੱਖ ਨੇ ਗੁਰੂ ਪਾਸੋਂ ਅਕਾਲ ਪੁਰਖੁ ਦਾ ਨਾਮ-ਰਤਨ ਦਾਨ ਪ੍ਰਾਪਤ ਕਰ ਲਿਆ, ਉਸ ਨੂੰ ਮਾਨੋ ਸਾਰੇ ਹੀ ਖ਼ਜ਼ਾਨੇ ਮਿਲ ਗਏ। ਮਨ ਵਿਚ ਪੂਰਨ ਅਕਾਲ ਪੁਰਖੁ ਨੂੰ ਪ੍ਰਾਪਤ ਕਰ ਕੇ ਮਨੁੱਖ ਦੇ ਅੰਦਰ ਸੰਤੋਖ ਪੈਦਾ ਹੋ ਜਾਂਦਾ ਹੈ, ਫਿਰ ਉਸ ਨੂੰ ਮੁੜ ਮੁੜ ਮੰਗਣ ਦੀ ਲੋੜ ਨਹੀਂ ਰਹਿੰਦੀ।

*"ਨਾਮ ਰਤਨੁ ਜਿਨਿ ਪਾਇਆ ਦਾਨੁ ॥ ਤਿਸੁ ਜਨ ਹੋਏ ਸਗਲ ਨਿਧਾਨ ॥ ਸੰਤੋਖੁ ਆਇਆ ਮਨਿ ਪੂਰਾ ਪਾਇ ॥ ਫਿਰਿ ਫਿਰਿ ਮਾਗਨ ਕਾਹੇ ਜਾਇ ॥" (੮੯੧)*

ਅਸੀਂ ਅਰਦਾਸ ਦੇ ਆਰੰਭ ਤੋਂ ਪਹਿਲਾ ਅਸੀਂ ਹਮੇਸ਼ਾ ਸੁਖਮਨੀ ਸਾਹਿਬ ਦੇ ਸ਼ਬਦ ਰਾਹੀਂ ਬੇਨਤੀ ਕਰਦੇ ਹਾਂ ਕਿ ਹੇ ਪ੍ਰਭੂ! ਸਾਡੀ

ਜੀਵਾਂ ਦੀ ਤੇਰੇ ਅੱਗੇ ਬੇਨਤੀ ਹੈ, ਕਿਉਕਿ ਤੂੰ ਸਾਡਾ ਮਾਲਕ ਹੈ। ਇਹ ਜਿੰਦ ਤੇ ਸਰੀਰ ਜੋ ਤੂੰ ਸਾਨੂੰ ਦਿੱਤਾ ਹੈ, ਸਭ ਤੇਰੀ ਹੀ ਬਖ਼ਸ਼ਿਸ਼ ਸਦਕਾ ਹੈ। ਤੂੰ ਸਾਡਾ ਮਾਂ ਪਿਉ ਹੈ, ਤੇ ਅਸੀਂ ਤੇਰੇ ਬਾਲ ਹਾਂ। ਤੇਰੀ ਮਿਹਰ ਦੀ ਨਜ਼ਰ ਵਿਚ ਬੇਅੰਤ ਸੁਖ ਹਨ। ਕੋਈ ਤੇਰਾ ਅੰਤ ਨਹੀਂ ਪਾ ਸਕਦਾ, ਕਿਉਂਕਿ ਤੂੰ ਸਭ ਤੋਂ ਉੱਚਾ ਭਗਵਾਨ ਹੈ। ਜਗਤ ਦੇ ਸਾਰੇ ਪਦਾਰਥ ਤੇਰੇ ਹੀ ਹੁਕਮੁ ਵਿਚ ਟਿਕੇ ਹੋਏ ਹਨ ਤੇ ਤੇਰੀ ਰਚੀ ਹੋਈ ਸ੍ਰਿਸ਼ਟੀ ਤੇਰੀ ਹੀ ਆਗਿਆ ਅਨੁਸਾਰ ਚਲ ਰਹੀ ਹੈ। ਇਹ ਤੂੰ ਆਪ ਹੀ ਜਾਣਦਾ ਹੈ ਕਿ ਤੂੰ ਕਿਹੋ ਜਿਹਾ ਹੈ ਤੇ ਕਿਨਾਂ ਵੱਡਾ ਹੈ। ਹੇ ਪ੍ਰਭੂ! ਤੇਰੇ ਸੇਵਕ ਤੇਰੇ ਤੋਂ ਸਦਾ ਸਦਕੇ ਜਾਂਦੇ ਹਨ।

***ਗਉੜੀ ਸੁਖਮਨੀ ਮਃ ੫ ॥ ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥ ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥ (੨੬੮)***

ਪਰੰਤੂ, ਕੀ ਕਦੀ ਇਸ ਨੂੰ ਸਮਝਿਆ ਹੈ ਤੇ ਇਸ ਤੇ ਅਮਲ ਕੀਤਾ ਹੈ? ਅਸੀਂ ਪਦਾਰਥਾ ਦੀਆਂ ਮੰਗਾਂ ਕਰਦੇ ਹਾਂ, ਪਰ ਇਹ ਸ਼ਬਦ ਦਾ ਕੁਝ ਹੋਰ ਮੰਗਣ ਦੀ ਸਿਖਿਆ ਦੇ ਰਿਹਾ ਹੈ। ਗੁਰੂ ਸਾਹਿਬ ਤਾਂ ਆਪਣੇ ਆਪ ਨੂੰ ਨੀਵਾਂ ਕਰਨ ਲਈ ਬੇਨਤੀ ਕਰ ਰਹੇ ਹਨ। ਹੰਕਾਰ ਦੂਰ ਕਰਨ ਲਈ ਬੇਨਤੀ ਕਰ ਰਹੇ ਹਨ। ਅਰਦਾਸ ਦੇ ਅੰਤ ਵਿਚ ਅਸੀਂ ਦਿਤੀ ਹੋਈ ਮਾਇਆ ਦੀ ਲਿਸਟ ਪੜ੍ਹਵਾ ਕੇ ਆਪਣੇ ਆਪ ਨੂੰ ਦਾਤੇ ਕਹਿਲਾਂਦੇ ਹਾਂ। ਹੰਕਾਰੀਆਂ ਦੀ ਬੇਨਤੀ ਨੂੰ ਗੁਰੂ ਸਾਹਿਬ ਕਿਸ ਤਰ੍ਹਾਂ ਪ੍ਰਵਾਨ ਕਰ ਸਕਦੇ ਹਨ। ਅਰਦਾਸ ਸਮੇਂ ਪੜ੍ਹਿਆ ਜਾਂਦਾ ਹੇਠ ਲਿਖਿਆ ਸ਼ਬਦ ਵੀ ਨੀਵਾਂ ਹੋਣ ਤੇ ਹੰਕਾਰ ਦੂਰ ਕਰਨ ਦੀ ਸਿਖਿਆ ਦੇ ਰਿਹਾ ਹੈ।

***ਆਸਾ ਮਹਲਾ ੫ ॥ ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥ ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥੪॥੧੦॥੪੮॥ (੩੮੩)***

ਨਿਤ ਨੇਮ ਦੀ ਪੰਥਕ ਤੌਰ ਤੇ ਪ੍ਰਮਾਣਿਕ ਅਰਦਾਸ ਵਿਚ ਉਹ ਸਭ ਮੰਗਾਂ ਸ਼ਾਮਿਲ ਹਨ ਜਿਨ੍ਹਾਂ ਦੀ ਲੋੜ ਹੈ। ਹੋਰ ਵਾਧੂ ਮੰਗਣ ਦੀ ਲੋੜ ਨਹੀਂ ਰਹਿੰਦੀ ਹੈ। **ਅਰਦਾਸ ਸਮੇਂ ਜੇ ਕਰ ਸਰੀਰ ਟਿਕਿਆ ਹੈ ਤਾਂ ਮਨ ਵੀ ਟਿਕ ਜਾਵੇਗਾ**। ਇਸ ਲਈ ਸਾਵਧਾਨ ਹੋਕੇ ਦੋਵੇਂ ਹੱਥ ਜੋੜ ਕੇ ਖੜੇ ਹੋਣਾਂ ਹੈ। ਨਾ ਤਾਂ ਹਿਲਣਾਂ ਹੈ ਅਤੇ ਨਾ ਹੀ ਇਧਰ ਉਧਰ ਵੇਖਣਾ ਹੈ।

***ਦੁਇ ਕਰ ਜੋੜਿ ਕਰਉ ਅਰਦਾਸਿ ॥ ਤੁਧੁ ਭਾਵੈ ਤਾ ਆਣਹਿ ਰਾਸਿ ॥ ਕਰਿ ਕਿਰਪਾ ਅਪਨੀ ਭਗਤੀ ਲਾਇ ॥ ਜਨ ਨਾਨਕ ਪ੍ਰਭੁ ਸਦਾ ਧਿਆਇ ॥੪॥੨॥ {੭੩੬, ੭੩੭}***

ਨਿਤਨੇਮ ਦੀ ਅਰਦਾਸ ਕਰਦੇ ਸਮੇਂ ਅਸੀਂ ਕਈ ਮਹਾਨ ਹਸਤੀਆਂ ਤੇ ਗੁਰਸਿਖਾਂ ਦੇ ਨਾਮ ਪੜ੍ਹਦੇ ਹਾਂ। ਦਸ ਗੁਰੂ ਸਾਹਿਬ, ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਕਈ ਸ਼ਹੀਦਾਂ, ਹਠੀਆਂ, ਜਪੀਆਂ, ਤਪੀਆਂ, ਆਦਿ। ਇਨ੍ਹਾਂ ਦੇ ਇਤਿਹਾਸ ਨੂੰ ਪੜ੍ਹ ਕੇ ਅਸੀਂ ਚੰਗੀ ਤਰ੍ਹਾਂ ਸਮਝ ਸਕਦੇ ਹਾਂ, ਕਿ ਸੰਸਾਰ ਵਿਚ ਜੀਵਨ ਕਿਸ ਤਰ੍ਹਾਂ ਸਫਲ ਕਰਨਾ ਹੈ। ਇਸ ਲਈ ਅਜੇਹੇ ਗੁਰਮੁਖਾਂ ਦਾ ਸੰਗ ਮੰਗਣਾਂ ਹੈ। ਫਿਲਮੀ ਐਕਟਰਾਂ ਤੇ ਘਟੀਆਂ ਲੋਕਾਂ ਦੀ ਥਾਂ ਗੁਰੂ ਸਾਹਿਬਾਂ ਤੇ ਇਨ੍ਹਾਂ ਮਹਾਨ ਗੁਰਸਿਖਾਂ ਨੂੰ ਆਪਣਾ ਰੋਲ ਮਾਡਲ ਬਣਾਣਾ ਚਾਹੀਦਾ ਹੈ, ਤਾਂ ਜੋ ਜੀਵਨ ਦਾ ਸਹੀ ਮਾਰਗ ਪਤਾ ਲਗ ਸਕੇ।

**ਸਿੱਖ ਨੇ ਅਰਦਾਸ ਸਚ, ਪ੍ਰੇਮ, ਬਿਰਹਾ ਕਰਕੇ ਕਰਨੀ ਹੈ।** ਪਦਾਰਥ ਤਾਂ ਆਪਣੇ ਆਪ ਮਿਲ ਜਾਂਦੇ ਹਨ। ਆਮ ਲੋਕ ਅਰਦਾਸ ਸਿਰਫ ਡਰ ਜਾਂ ਲੋਭ ਕਰਕੇ ਕਰਦੇ ਹਨ। **ਅਰਦਾਸ ਪਦਾਰਥ ਮੰਗਣ ਵਾਸਤੇ ਨਹੀਂ ਹੈ। ਪਛੂ ਪੰਛੀਆਂ ਦੀ ਅਰਦਾਸ ਵੀ ਅਕਾਲ ਪੁਰਖੁ ਆਪਣੇ ਆਪ ਸੁਣ ਲੈਂਦਾ ਹੈ।**

***"ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥ ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ ॥" (੧੪੨੦)***

ਅਰਦਾਸ ਕਰਦੇ ਸਮੇਂ ਅਸੀਂ ੭ ਖੈਰਾਂ ਤਾਂ ਪਹਿਲਾਂ ਹੀ ਮੰਗ ਲੈਂਦੇ ਹਾਂ ਉਹ ਹਨ:- **ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ।** ਸਿੱਖੀ ਦੀ ਦਾਤ ਭਾਂਡਾ ਹੈ, ਜਿਸ ਵਿਚ ਅੰਮ੍ਰਿਤ ਪਾਇਆ ਜਾਂਦਾ ਹੈ। ਕੇਸ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਚਲਣ ਲਈ ਮਾਰਗ ਦਰਸ਼ਨ ਕਰਦੇ ਹਨ। ਰਹਿਤ ਗੁਰੂ ਦੀ ਮਤ ਅਨੁਸਾਰ ਚਲਣ ਲਈ ਜਰੂਰੀ ਹੈ। ਬਿਬੇਕ ਬੁਧੀ ਹੈ ਤਾਂ ਹੀ ਜੀਵਨ ਵਿਚ ਸਫਲਤਾ ਪਾਈ ਜਾ ਸਕਦੀ ਹੈ। ਜੇਕਰ ਅਕਾਲ ਪੁਰਖੁ ਦੇ ਨਾਮੁ ਦੀ ਰਾਸਿ-ਪੂੰਜੀ ਹੈ ਤਾਂ ਹੀ ਉਸ ਦੇ ਦਰ ਤੇ ਥਾਂ ਮਿਲ ਸਕਦੀ ਹੈ।

***"ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ ਪਤਿ ॥ ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ ਰਤਿ ॥੫॥" (੮੨)***

ਅਕਾਲ ਪੁਰਖੁ ਨਾਲ ਮਿਤਰਤਾ ਪਾਉਣ ਲਈ ਉਸ ਤੇ ਭਰੋਸਾ ਜਰੂਰੀ ਹੈ। ਸਭ ਤੋਂ ਉਪਰ ਨਾਮੁ ਦਾਨ ਹੈ, ਜਿਸ ਰਾਹੀਂ ਅਕਾਲ ਪੁਰਖੁ ਦੇ ਗੁਣ ਗਾਇਨ ਕੀਤੇ ਜਾ ਸਕਦੇ ਹਨ।

***"ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥ ਸਤਿਗੁਰੁ ਦਾਤਾ ਮੇਲਿ ਮਿਲਾਵਹੁ ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥ (੬੦੩-੬੦੪)***

ਅਰਦਾਸ ਅਕਾਲ ਪੁਰਖੁ ਨਾਲ ਸੰਪਰਕ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਇਸ ਲਈ ਅਰਦਾਸ ਵਿਚ ਉਹ ਮੰਗਾਂ ਮੰਗੋ ਜਿਨ੍ਹਾਂ ਨਾਲ ਹਉਮੈ ਦੂਰ ਹੁੰਦਾਂ ਹੈ। ਹਰੇਕ ਸਰੀਰ ਵਿਚ ਉਹ ਅਕਾਲ ਪੁਰਖੁ ਆਪ ਹੀ ਮੌਜੂਦ ਹੈ, ਪਰ ਉਸ ਦੀ ਮੌਜੂਦਗੀ ਵੇਖਣ ਲਈ ਗੁਰੂ ਦੇ ਸ਼ਬਦ ਰਾਹੀਂ ਆਪਣੇ ਅੰਦਰ ਚਾਨਣ ਪੈਦਾ ਕਰਨਾ ਜਰੂਰੀ ਹੈ।

*ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥ ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥ (੬੦੩-੬੦੪)*

ਜਿਹੜਾ ਗੁਰੂ ਦੇ ਸ਼ਬਦ ਵਿਚ ਜੁੜ ਕੇ ਵਿਕਾਰ ਦੂਰ ਕਰ ਲੈਂਦਾ ਹੈ ਉਸ ਦੇ ਨਾਮੁ ਰੂਪੀ ਅੰਮ੍ਰਿਤ ਵਿਚ "*ਅੰਮ੍ਰਿਤਸਰ ਜੀ ਦੇ ਇਸ਼ਨਾਨ*" ਹੋ ਜਾਂਦੇ ਹਨ। ਅਜੇਹਾ ਜੀਵ ਸਦਾ ਲਈ ਆਤਮਕ ਜੀਵਨ ਜੀਊਂਦਾ ਹੈ। ਆਤਮਕ ਮੌਤ ਕਦੇ ਵੀ ਉਸ ਦੇ ਨੇੜੇ ਨਹੀਂ ਢੁਕਦੀ ਹੈ।

ਗੁਰਬਾਣੀ ਅਨੁਸਾਰ ਅਰਦਾਸ ਵਿਚ ਤਾਂ ਸੇਵਕ (ਢਾਢੀ) ਇਹੀ ਕਹਿੰਦਾ ਹੈ, ਕਿ ਜੇ ਅਕਾਲ ਪੁਰਖੁ ਨੂੰ ਚੰਗਾ ਲੱਗੇ ਤਾਂ ਮੈਂ ਉਸ ਦੇ ਦਰ ਤੇ ਉਸ ਦੇ ਗੁਣ ਗਾਂਉਂਦਾ ਰਹਾਂ। ਅਕਾਲ ਪੁਰਖ ਸਦਾ-ਥਿਰ ਟਿਕਾਣੇ ਵਾਲਾ ਹੈ, ਤੇ ਹੋਰ ਸਾਰੀ ਸ੍ਰਿਸ਼ਟੀ ਜੰਮਦੀ ਮਰਦੀ ਰਹਿੰਦੀ ਹੈ। ਸੇਵਕ ਤਾਂ ਉਹ ਦਾਨ ਮੰਗਦਾ ਹੈ, ਜਿਸ ਨਾਲ ਮਾਇਆ ਦੀ ਭੁੱਖ ਦੂਰ ਹੋ ਜਾਏ। ਅਕਾਲ ਪੁਰਖੁ ਅੱਗੇ ਬੇਨਤੀ ਕਰਨੀ ਹੈ, ਕਿ ਮੈਨੂੰ ਆਪਣਾ ਦਰਸਨ ਦਿਉ ਜਿਸ ਨਾਲ ਮੈਂ ਮਾਇਆ ਦੀ ਤ੍ਰਿਸ਼ਨਾ ਵਲੋਂ ਰੱਜ ਜਾਵਾਂ। ਜਦੋਂ ਅਕਾਲ ਪੁਰਖੁ ਨੇ ਅਰਦਾਸ ਸੁਣ ਲਈ ਤੇ ਢਾਢੀ ਨੂੰ ਆਪਣੇ ਮਹਲ ਵਿਚ ਬੁਲਾ ਲਿਆ, ਉਸ ਦੇ ਦੀਦਾਰ ਕਰਦਿਆਂ ਹੀ ਮਾਇਆ ਵਾਲੀ ਭੁੱਖ ਤੇ ਹੋਰ ਦੁਖ ਦੂਰ ਹੋ ਗਏ, ਢਾਢੀ ਨੂੰ ਇਹ ਚੇਤੇ ਹੀ ਨਾ ਰਿਹਾ ਕਿ ਮੈਂ ਕੁਝ ਮੰਗਾਂ। ਅਕਾਲ ਪੁਰਖੁ ਦੀ ਚਰਨੀਂ ਲੱਗ ਕੇ ਮੇਰੀਆਂ ਸਾਰੀਆਂ ਹੀ ਕਾਮਨਾਂ ਪੂਰੀਆਂ ਹੋ ਗਈਆਂ, ਮੇਰੀ ਕੋਈ ਵਾਸਨਾ ਰਹਿ ਹੀ ਨਾ ਗਈ, ਉਸ ਨੇ ਨਿਮਾਣੇ ਗੁਣਹੀਨ ਢਾਢੀ ਨੂੰ ਬਖ਼ਸ਼ ਲਿਆ। **ਇਸ ਸ਼ਬਦ ਵਿਚ ਗੁਰੂ ਸਾਹਿਬ ਤਾਂ ਬੜੇ ਸਪੱਸ਼ਟ ਤਰੀਕੇ ਨਾਲ ਸਮਝਾ ਰਹੇ ਹਨ, ਕਿ ਅਕਾਲ ਪੁਰਖੁ ਦੇ ਗੁਣ ਗੁਰਬਾਣੀ ਰਾਹੀਂ ਗਾਇਨ ਕਰਨੇ ਹਨ।**

*ਪਉੜੀ ॥ ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ ॥ ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ ॥ ਸੋ ਮੰਗਾ ਦਾਨੁ ਗੁੋਸਾਈਆ ਜਿਤੁ ਭੁਖ ਲਹਿ ਜਾਵੈ ॥ ਪ੍ਰਭ ਜੀਉ ਦੇਵਹੁ ਦਰਸਨੁ ਆਪਣਾ ਜਿਤੁ ਢਾਢੀ ਤ੍ਰਿਪਤਾਵੈ ॥ ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ ॥ ਪ੍ਰਭ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ ॥ ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ ॥ ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ ॥੯॥ (੧੦੯੭)*

**ਉਸ ਅਕਾਲ ਪੁਰਖੁ ਨੂੰ ਹਮੇਸ਼ਾ ਯਾਦ ਕਰਨਾ ਚਾਹੀਦਾ ਹੈ, ਜਿਹੜਾ ਸਾਰੀਆਂ ਕਾਮਨਾਂ ਪੂਰੀਆਂ ਕਰਨ ਵਾਲਾ ਹੈ, ਤੇ ਸਾਰੇ ਸੁਖ ਦੇਣ ਵਾਲਾ ਹੈ।** ਇਸ ਤਰ੍ਹਾਂ ਲੋਕ ਤੇ ਪਰਲੋਕ ਦੋਹਾਂ ਵਿਚ ਇੱਜ਼ਤ ਖੱਟੀ ਜਾ ਸਕਦੀ ਹੈ। ਇਹ ਸਮਝ ਗੁਰੂ ਦੀ ਬਖ਼ਸ਼ਸ਼ ਨਾਲ ਹੀ ਪ੍ਰਾਪਤ ਹੋ ਸਕਦੀ ਹੈ।

*ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥ ਸੋ ਐਸਾ ਹਰਿ ਧਿਆਈਐ ਮੇਰੇ  ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥ (੬੬੯-੬੭੦)*

**ਨਾਮੁ ਤੋਂ ਬਿਨਾ ਅਸੀਂ ਜੋ ਵੀ ਮੰਗਦੇ ਹਾਂ ਉਹ ਦੁਖ ਹੀ ਦਿੰਦਾ ਹੈ।** ਜਿਸ ਕਰਕੇ ਦੁਖੀ ਵੀ ਹੁੰਦੇ ਹਾਂ ਤੇ ਗੁਰੂ ਤੇ ਭਰੋਸਾ ਵੀ ਨਹੀਂ ਬੱਝਦਾ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬ ਸਾਨੂੰ ਗੁਰਬਾਣੀ ਵਿਚ ਦੁਨਿਆਵੀ ਮੰਗਾਂ ਮੰਗਣ ਲਈ ਪ੍ਰੇਰਤ ਨਹੀਂ ਕਰਦੇ, ਕਿਉਕਿ ਗੁਰੂ ਸਾਹਿਬ ਇਹ ਨਹੀਂ ਚਾਹੁੰਦੇ ਕਿ ਮੰਗਾਂ ਮੰਗਣ ਵਾਲੇ ਦੁਖੀ ਹੋਣ। ਇਸ ਲਈ ਨਾਮੁ ਦੀ ਦਾਤ ਹੀ ਮੰਗਣੀ ਚਾਹੀਦੀ ਹੈ ਤਾਂ ਜੋ ਮਨ ਦੀ ਤ੍ਰਿਸ਼ਨਾ ਮੁੱਕ ਜਾਏ ਤੇ ਸਾਡਾ ਸਬਰ ਸੰਤੋਖ ਵਾਲਾ ਜੀਵਨ ਬਤੀਤ ਹੋਵੇ।

*ਮः ੫ ॥ ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ ਗੁਰਿ ਵਣੁ ਤਿਣੁ ਹਰਿਆ ਕੀਤਿਆ ਨਾਨਕ ਕਿਆ ਮਨੁਖ ॥੨॥ (੯੫੮)*

ਰਹਰਾਸਿ ਸਾਹਿਬ ਦੇ ਪਾਠ ਵਿਚ ਵੀ ਅਸੀਂ ਗੁਰੂ ਦੀ ਮਤ ਰਾਹੀਂ ਨਾਮੁ ਰੂਪੀ ਗਿਆਨ ਦਾ ਚਾਨਣ ਪ੍ਰਾਪਤ ਕਰਨ ਲਈ ਅਰਦਾਸ ਕਰਦੇ ਹਾਂ।

*ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥ (੧੦)*

ਆਪਣੀ ਨਿਜੀ ਅਰਦਾਸ ਕਰਦੇ ਸਮੇਂ ਸੇਵਕ ਨੇ ਅਕਾਲ ਪੁਰਖੁ ਅੱਗੇ ਇਹੀ ਬੇਨਤੀ ਕਰਨੀ ਹੈ ਕਿ ਹੇ ਮੇਰੇ ਠਾਕੁਰ! ਮੇਰੇ ਉੱਤੇ ਦਇਆ ਕਰੋ ਤੇ ਮੈਨੂੰ ਇਹੋ ਜਿਹੀ ਅਕਲ ਬਖ਼ਸ਼ੋ ਕਿ ਮੈਂ ਸਦਾ ਹੀ ਤੇਰਾ ਨਾਮੁ ਯਾਦ ਕਰਦਾ ਰਹਾਂ।

*ਤੁਮ੍ ਕਰਹੁ ਦਇਆ ਮੇਰੇ ਸਾਈ ॥ ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ ॥੧॥ (੬੭੩)*

ਫਾਲਤੂ ਅਰਦਾਸ ਗੁਰੂ ਸਾਹਿਬ ਵੀ ਪਰਵਾਨ ਨਹੀਂ ਕਰਦੇ ਹਨ। ਕਰੀਏ ਕੁਝ ਨਾ, ਗੁਰੂ ਦੀ ਮਤ ਸੁਣੀਏ ਨਾ, ਪਰ ਖਾਲੀ ਅਰਦਾਸਾਂ ਕਰੀ ਜਾਈਏ ਕਿ ਕੁਝ ਮਿਲ ਜਾਵੇਗਾ, ਐਸਾ ਹੋਣਾਂ ਸੰਭਵ ਨਹੀਂ। ਜਦੋਂ ਹਿੰਦੋਸਤਾਨ ਦੇ ਹਾਕਮਾਂ ਨੇ ਸੁਣਿਆ ਕਿ ਮੀਰ ਬਾਬਰ ਹੱਲਾ ਕਰਨ ਲਈ ਆ ਰਿਹਾ ਹੈ, ਤਾਂ ਉਹਨਾਂ ਨੇ ਉਸ ਦਾ ਮੁਕਾਬਲਾ ਕਰਨ ਦੀ ਥਾਂ ਅਨੇਕਾਂ ਹੀ ਪੀਰਾਂ ਤੇ ਸਾਧੂਆਂ ਨੂੰ ਜਾਦੂ ਟੂਣੇ ਕਰਨ ਲਾਈ ਰੱਖਿਆ। ਪਰ ਉਨ੍ਹਾਂ ਦੇ ਮਾਲਾ ਫੇਰਨ ਨਾਲ ਕੁਝ ਨਹੀਂ ਹੋਇਆ। ਪੱਕੇ ਥਾਂ ਮੁਕਾਮ, ਪੱਕੇ ਮਹਲ, ਮੰਦਰ, ਮੁਗ਼ਲਾਂ ਦੀ ਲਾਈ ਅੱਗ ਨਾਲ ਸੜ ਕੇ ਸੁਆਹ ਹੋ ਗਏ। ਉਨ੍ਹਾਂ ਨੇ ਪਠਾਣ ਸ਼ਹਿਜ਼ਾਦਿਆਂ ਨੂੰ ਟੋਟੇ ਕਰ ਕਰ ਕੇ ਮਿੱਟੀ ਵਿਚ ਰੋਲ ਦਿੱਤਾ। ਪੀਰਾਂ ਤੇ ਸਾਧੂਆਂ ਦੇ ਮਾਲਾ ਫੇਰਨ ਨਾਲ ਕੋਈ ਇੱਕ ਵੀ ਮੁਗ਼ਲ ਅੰਨ੍ਹਾ ਨਾ ਹੋਇਆ, ਕੋਈ ਵੀ ਪੀਰ ਕਰਾਮਾਤ ਨਹੀਂ ਵਿਖਾ ਸਕਿਆ।

*ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ  ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥ (੪੧੭, ੪੧੮)*

ਅੱਜਕਲ ਗੁਰੂ ਸਾਹਿਬ ਦੀ ਮਤ ਨਾਲੋਂ ਆਪਣੀ ਮਤ ਤੇ ਜਿਆਦਾ ਜ਼ੋਰ ਹੈ। ਗੁਰੂ ਸਾਹਿਬ ਤਾਂ ਕਹਿੰਦੇ ਹਨ ਕਿ ਆਪਣਾ ਕਾਰਜ

ਆਪ ਸਵਾਰਨਾ ਹੈ।

*"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ (੪੭੪)*

ਪਰੰਤੂ ਅਸੀਂ ਆਪ ਅਰਦਾਸ ਕਰਨ ਦੀ ਬਜਾਏ ਗਰੰਥੀਆਂ ਕੋਲੋਂ ਆਪਣੀ ਨਿਜੀ ਅਰਦਾਸ ਕਰਵਾਣੀ ਸ਼ੁਰੂ ਕਰ ਦਿਤੀ ਹੈ। ਗੁਰੂ ਸਾਹਿਬ ਤਾਂ ਕਹਿੰਦੇ ਹਨ:

*ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ ॥੧॥ ਰਹਾਉ ॥ (੭੪੯)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਅਰਦਾਸ ਸਬੰਧੀ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਸੰਖੇਪ ਵਿਚ ਕਹਿ ਸਕਦੇ ਹਾਂ ਕਿ

- ਗੁਰੂ ਸਾਹਿਬ ਗੁਰਬਾਣੀ ਵਿਚ ਮਨੁੱਖ ਨੂੰ ਵਾਰ ਵਾਰ ਇਹੀ ਸਮਝਾਉਂਦੇ ਹਨ, ਕਿ ਹਉਮੈਂ ਤਿਆਗ ਦੇ ਤੇ ਆਪਣੇ ਆਪ ਨੂੰ ਨਿਮਾਣਾ ਬਣਾ ਲੈ, ਤਾਂ ਜੋ ਤੇਰੀ ਬੇਨਤੀ ਨੂੰ ਅਕਾਲ ਪੁਰਖੁ ਪ੍ਰਵਾਨ ਕਰ ਲਵੇ।
- ਗੁਰੂ ਸਾਹਿਬ ਗੁਰਬਾਣੀ ਵਿਚ ਨਾਮੁ ਦਾ ਦਾਨ ਮੰਗਣ ਲਈ ਸਮਝਾਉਂਦੇ ਹਨ, ਕਿਉਕਿ ਦੁਨਿਆਵੀ ਲੋੜਾਂ ਜੋ ਅਸੀਂ ਅਕਸਰ ਮੰਗਦੇ ਹਾਂ, ਉਨ੍ਹਾਂ ਵਿਚੋਂ ਕੋਈ ਵੀ ਚੀਜ਼ ਨਾਲ ਨਹੀਂ ਜਾ ਸਕਦੀ।
- ਅਰਦਾਸ ਕਰਦੇ ਸਮੇਂ ਆਪਣੇ ਆਪ ਨੂੰ ਨੀਵਾਂ ਕਰਕੇ ਬੇਨਤੀ ਕਰਨੀ ਹੈ, ਕਿ ਹੇ ਗੁਰੂ ਸਾਹਿਬ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਮੈਨੂੰ ਅਕਾਲ ਪੁਰਖੁ ਦਾ ਨਾਮੁ ਮਿਲ ਜਾਏ, ਗੁਰਬਾਣੀ ਦੁਆਰਾ ਉਸ ਦੀ ਉਸਤਤ ਕਰਦਾ ਰਹਾਂ, ਤਾਂ ਜੋ ਮੇਰੀ ਚਿੰਤਾ ਦੂਰ ਹੋ ਜਾਵੇ।
- ਗੁਰਸਿੱਖ ਨੇ ਬੇਨਤੀ ਕਰਨੀ ਹੈ, ਕਿ ਹੇ ਅਕਾਲ ਪੁਰਖੁ ਮੈਨੂੰ ਗੁਰੂ ਦੀ ਰਾਹੀਂ ਆਪਣਾ ਸੇਵਕ ਬਣਾ ਕੇ ਆਪਣਾ ਨਾਮੁ ਬਖ਼ਸ਼।
- ਹਉਮੈਂ ਘਟਾਉਣ ਲਈ ਆਪਣੇ ਅੰਦਰ ਇਹੀ ਵਿਚਾਰ ਪੈਦਾ ਕਰਨੀ ਹੈ, ਕਿ ਮੈਂ ਨੀਵੇਂ ਜੀਵਨ ਵਾਲਾ ਹਾਂ, ਮੈਂ ਮੂਰਖ ਹਾਂ ਅਤੇ ਮੈਨੂੰ ਤੇਰੀ ਸੇਵਾ-ਭਗਤੀ ਕਰਨ ਦੀ ਜਾਚ-ਅਕਲ ਨਹੀਂ ਹੈ।
- ਅਕਾਲ ਪੁਰਖੁ ਅੱਗੇ ਇਹੀ ਬੇਨਤੀ ਕਰਨੀ ਹੈ ਕਿ ਮੇਰੇ ਉਪਰ ਮਿਹਰ ਕਰੋ ਤੇ ਮੇਰਾ ਕੋਈ ਗੁਣ ਜਾਂ ਔਗਣ ਨਾ ਵਿਚਾਰੋ, ਕਿਉਂਕਿ ਮੇਰੇ ਅੰਦਰ ਤਾਂ ਔਗਣ ਹੀ ਔਗਣ ਹਨ।
- ਆਪਣੇ ਆਪ ਨੂੰ ਗੁਰੂ ਦੇ ਸਨਮੁੱਖ ਗੁਣਹੀਨ ਸਮਝਾਂਗੇ ਤਾਂ ਹੀ ਸਾਡੇ ਅੰਦਰ ਗੁਣ ਆ ਸਕਦੇ ਹਨ, ਨਹੀਂ ਤਾਂ ਹਉਮੈ ਕਰਕੇ, ਕੋਈ ਗੁਣ ਅੰਦਰ ਪ੍ਰਵੇਸ਼ ਨਹੀਂ ਕਰ ਸਕੇਗਾ।
- ਮੰਗਣ ਲਈ ਤਾਂ ਗੁਰੂ ਸਾਹਿਬ ਵੀ ਕਹਿੰਦੇ ਹਨ, ਪਰ ਮੰਗੋ ਉਹ ਜੋ ਸਭ ਤੋਂ ਚੰਗਾ ਹੈ ਭਾਵ ਗੁਰੂ ਪਾਸੋਂ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਦੀ ਖ਼ੈਰ ਮੰਗੋ ਜੋ ਹੋਰ ਸਾਰੀਆਂ ਮੰਗਾਂ ਨਾਲੋਂ ਵਧੀਆ ਮੰਗ ਹੈ। *"ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥"* (੧੦੧੮)
- ਨਾਮ ਤੋਂ ਬਿਨਾ ਜੋ ਹੋਰ ਹੋਰ ਚੀਜ਼ਾਂ ਮੰਗੀਆਂ ਜਾਂਦੀਆਂ ਹਨ, ਉਨ੍ਹਾਂ ਨਾਲ ਕਦੇ ਕਿਸੇ ਨੂੰ ਵੀ ਆਤਮਕ ਸੁਖ ਨਹੀਂ ਮਿਲਿਆ।
- ਅਰਦਾਸ ਦਾ ਮੰਤਵ ਹੈ ਕਿ ਅਸੀਂ ਆਪਣੇ ਆਪ ਨੂੰ ਨੀਵਾਂ ਕਰੀਏ, ਤਾਂ ਜੋ ਹਉਮੈ ਘਟ ਸਕੇ, ਪਰੰਤੂ ਅਰਦਾਸ ਵਿਚ ਨਿਜੀ ਨਾਮ ਸੁਣਾਣ ਦੀ ਦੌੜ ਤਾਂ ਉਲਟਾ ਹਉਮੈ ਵਿਚ ਵਾਧਾ ਕਰਦੀ ਹੈ।
- ਜਿਸ ਮਨੁੱਖ ਨੇ ਗੁਰੂ ਪਾਸੋਂ ਅਕਾਲ ਪੁਰਖੁ ਦਾ ਨਾਮ-ਰਤਨ ਪ੍ਰਾਪਤ ਕਰ ਲਿਆ, ਉਸ ਨੂੰ ਮਾਨੋ ਸਾਰੇ ਹੀ ਖ਼ਜ਼ਾਨੇ ਮਿਲ ਗਏ। ਮਨ ਵਿਚ ਪੂਰਨ ਅਕਾਲ ਪੁਰਖੁ ਨੂੰ ਪ੍ਰਾਪਤ ਕਰ ਕੇ ਉਸ ਦੇ ਅੰਦਰ ਸੰਤੋਖ ਪੈਦਾ ਹੋ ਗਿਆ, ਫਿਰ ਉਹ ਮੁੜ ਮੁੜ ਮੰਗਣ ਨਹੀਂ ਜਾਂਦਾ ਹੈ।
- ਨਿਤ ਨੇਮ ਦੀ ਪੰਥਕ ਤੌਰ ਤੇ ਪ੍ਰਮਾਣਿਕ ਅਰਦਾਸ ਵਿਚ ਉਹ ਸਭ ਮੰਗਾਂ ਸ਼ਾਮਿਲ ਹਨ, ਜਿਨ੍ਹਾਂ ਦੀ ਲੋੜ ਹੈ, ਹੋਰ ਵਾਧੂ ਮੰਗਣ ਦੀ ਲੋੜ ਨਹੀਂ ਰਹਿੰਦੀ ਹੈ।
- ਅਰਦਾਸ ਕਰਦੇ ਸਮੇਂ ਅਸੀਂ ੭ ਖ਼ੈਰਾਂ ਤਾਂ ਪਹਿਲਾਂ ਹੀ ਮੰਗ ਲੈਂਦੇ ਹਾਂ, ਉਹ ਹਨ:- ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ।
- ਗੁਰੂ ਸਾਹਿਬ ਸਾਡੀ ਦੁਨਿਆਵੀ ਮੰਗਾਂ ਵਾਲੀ ਅਰਦਾਸ ਪ੍ਰਵਾਨ ਨਹੀਂ ਕਰਦੇ ਹਨ, ਕਿਉਕਿ ਸਾਨੂੰ ਮੰਗਣਾ ਨਹੀਂ ਆਉਂਦਾ ਹੈ। ਨਾਮੁ ਤੋਂ ਬਿਨਾ ਅਸੀਂ ਜੋ ਵੀ ਮੰਗਦੇ ਹਾਂ, ਉਹ ਦੁਖ ਹੀ ਦਿੰਦਾ ਹੈ।
- ਅਰਦਾਸ ਸਮੇਂ ਜੇ ਕਰ ਸਰੀਰ ਟਿਕਿਆ ਹੈ ਤਾਂ ਮਨ ਵੀ ਟਿਕ ਜਾਵੇਗਾ। ਇਸ ਲਈ ਸਾਵਧਾਨ ਹੋ ਕੇ ਦੋਵੇਂ ਹੱਥ ਜੋੜ ਕੇ ਖੜੇ ਹੋਣਾਂ ਹੈ। ਨਾ ਤਾਂ ਹਿਲਣਾਂ ਹੈ ਅਤੇ ਨਾ ਹੀ ਇਧਰ ਉਧਰ ਵੇਖਣਾ ਹੈ।
- ਅਰਦਾਸ ਪਦਾਰਥ ਮੰਗਣ ਵਾਸਤੇ ਨਹੀਂ ਹੈ। ਪਛੂ ਪੰਛੀਆਂ ਦੀ ਅਰਦਾਸ ਵੀ ਅਕਾਲ ਪੁਰਖੁ ਆਪਣੇ ਆਪ ਸੁਣ ਲੈਂਦਾ ਹੈ।
- ਹਰੇਕ ਸਰੀਰ ਵਿਚ ਉਹ ਅਕਾਲ ਪੁਰਖੁ ਆਪ ਹੀ ਮੌਜੂਦ ਹੈ, ਪਰ ਉਸ ਦੀ ਮੌਜੂਦਗੀ ਵੇਖਣ ਲਈ ਗੁਰੂ ਦੇ ਸ਼ਬਦ ਰਾਹੀਂ ਆਪਣੇ ਅੰਦਰ ਚਾਨਣ ਪੈਦਾ ਕਰਨਾ ਜਰੂਰੀ ਹੈ।
- ਉਸ ਅਕਾਲ ਪੁਰਖੁ ਨੂੰ ਹਮੇਸ਼ਾ ਯਾਦ ਕਰਨਾ ਚਾਹੀਦਾ ਹੈ ਜਿਹੜਾ ਸਾਰੀਆਂ ਕਾਮਨਾਂ ਪੂਰੀਆਂ ਕਰਨ ਵਾਲਾ ਹੈ ਤੇ ਸਾਰੇ ਸੁਖ ਦੇਣ ਵਾਲਾ

ਹੈ।

- ਸੇਵਕ ਨੇ ਅਕਾਲ ਪੁਰਖੁ ਅੱਗੇ ਇਹੀ ਅਰਦਾਸ ਕਰਨੀ ਹੈ ਕਿ ਹੇ ਮੇਰੇ ਠਾਕੁਰ! ਮੇਰੇ ਉੱਤੇ ਦਇਆ ਕਰ ਅਤੇ ਮੈਨੂੰ ਇਹੋ ਜਿਹੀ ਅਕਲ ਬਖ਼ਸ਼ ਕਿ ਮੈਂ ਸਦਾ ਹੀ ਤੇਰਾ ਨਾਮ ਯਾਦ ਕਰਦਾ ਰਹਾਂ।

ਸਰਬ-ਵਿਆਪਕ ਬਖ਼ਸ਼ਣਹਾਰ ਅਕਾਲ ਪੁਰਖੁ, ਆਪਣੇ ਸੇਵਕਾਂ ਦੀ ਸਦਾ ਰਾਖੀ ਕਰਦਾ ਹੈ, ਆਪਣੇ ਗਲ ਨਾਲ ਲਾ ਕੇ ਰੱਖਦਾ ਹੈ, ਉਸ ਤੇ ਦਇਆ ਕਰਦਾ ਹੈ, ਉਸ ਦੇ ਸਾਰੇ ਔਗੁਣ ਮਿਟਾ ਦਿੰਦਾ ਹੈ। ਅਕਾਲ ਪੁਰਖੁ ਦੇ ਦਾਸ ਜੋ ਕੁਝ ਮੰਗਦੇ ਹਨ, ਉਹ ਉਹੀ ਕੁਝ ਉਨ੍ਹਾਂ ਨੂੰ ਦਿੰਦਾ ਹੈ। ਉਸ ਦਾ ਸੇਵਕ ਜੋ ਕੁਝ ਮੂੰਹੋਂ ਬੋਲਦਾ ਹੈ, ਉਹ ਇਸ ਲੋਕ ਵਿਚ ਤੇ ਪਰਲੋਕ ਵਿਚ ਅਟੱਲ ਹੋ ਜਾਂਦਾ ਹੈ।

*ਹਰਿ ਜਨ ਰਾਖੇ ਗੁਰ ਗੋਵਿੰਦ ॥ ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥ ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥ ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪॥੪੫॥ (੬੮੧)*

ਪਰ ਕੀ ਕਦੀ ਅਸਾਂ ਉਸ ਨੂੰ ਆਪਣਾ "ਠਾਕੁਰ" ਬਣਾਇਆ ਹੈ? ਕੀ ਅਸੀਂ ਉਸ ਦੇ ਸੇਵਕ ਬਣੇ ਹਾਂ? ਕੀ ਅਸਾਂ ਉਸ ਦੇ ਗੁਣ ਆਪਣੇ ਅੰਦਰ ਪੈਦਾ ਕੀਤੇ ਹਨ? ਕੀ ਉਸ ਦੇ ਹੁਕਮੁ ਅਨੁਸਾਰ ਚਲਣ ਦੀ ਜਾਚ ਸਿਖ ਲਈ ਹੈ? ਜਦੋਂ ਕੋਈ ਸਾਡੀ ਮਰਜੀ ਅਨੁਸਾਰ ਕੰਮ ਨਹੀਂ ਕਰਦਾ ਹੈ ਤਾਂ ਕੀ ਅਸੀਂ ਉਸ ਤੇ ਖੁਸ਼ ਹੁੰਦੇ ਹਾਂ? ਜੇ ਕਰ ਨਹੀਂ, ਤਾਂ ਫਿਰ ਅਕਾਲ ਪੁਰਖੁ ਸਾਡੀ ਅਰਦਾਸ ਕਿਉਂ ਸੁਣੇ। ਇਸ ਲਈ ਜੇ ਕਰ ਅਸੀਂ ਚਾਹੁੰਦੇ ਹਾਂ ਕਿ ਅਕਾਲ ਪੁਰਖੁ ਸਾਡੀ ਅਰਦਾਸ ਸੁਣੇ ਤਾਂ ਉਸ ਦੀ ਰਜ਼ਾ ਅਨੁਸਾਰ ਚੱਲਣਾ ਪਵੇਗਾ। ਉਸ ਦੀ ਰਜ਼ਾ ਨੂੰ ਸਮਝਣ ਲਈ ਗੁਰਬਾਣੀ ਪੜ੍ਹਨੀ, ਸੁਣਨੀ, ਸਮਝਣੀ ਤੇ ਜੀਵਨ ਵਿਚ ਅਪਨਾਉਣੀ ਪਵੇਗੀ। ਇਸ ਲਈ ਆਓ ਸਾਰੇ ਜਾਣੇ ਰੋਜਾਨਾਂ, ਗੁਰੂ ਸਾਹਿਬ ਅੱਗੇ ਅਰਦਾਸ ਕਰਦੇ ਸਮੇਂ ਸਿਰਫ ਨਾਮੁ ਦਾਨ ਤੇ ਗੁਰਬਾਣੀ ਰਾਹੀਂ ਅਕਾਲ ਪੁਰਖੁ ਦੀ ਉਸਤਤ ਲਈ ਹੀ ਬੇਨਤੀ ਕਰੀਏ। ਗੁਰਬਾਣੀ ਰਾਹੀਂ ਅਕਾਲ ਪੁਰਖੁ ਦੇ ਹੁਕਮੁ ਦੀ ਪਹਿਚਾਨ ਕਰੀਏ ਤੇ ਉਸ ਅਨੁਸਾਰ ਦੱਸੇ ਹੋਏ ਮਾਰਗ ਤੇ ਚੱਲ ਕੇ ਆਪਣਾ ਜੀਵਨ ਸਫਲ ਕਰੀਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

( ਡਾ: ਸਰਬਜੀਤ ਸਿੰਘ )

ਵਾਸ਼ੀ, ਨਵੀਂ ਮੁੰਬਈ - ੪੦੦੭੦੩.

( Dr. Sarbjit Singh )

Vashi, Navi Mumbai - 400703.

Email = sarbjitsingh@yahoo.com

Web = http://www.sikhism.com/gurbani

http://www.geocities.com/sarbjitsingh/